CALIFORNIA DEPARTMENT OF EDUCATION
CELDT Test Results Interpretation Guide for Grades Two through Twelve
(August 2011)
T10-334 Punjabi, Raavi Font

***[NOTE TO LOCAL EDUCATIONAL AGENCIES (LEAS): As a form of assistance to LEAs, the California Department of Education (CDE) offers this translation free of charge. Because there can be variations in translation, the CDE recommends that LEAs confer with local translators to determine any need for additions or modifications, including the addition of local contact information or local data, or modifications in language to suit the needs of specific language groups in the local community. If you have comments or questions regarding the translation, please e-mail the Clearinghouse for Multilingual Documents (CMD) at cmd@cde.ca.gov.]***

DELETE THIS COVER PAGE BEFORE USING THE TRANSLATION WHICH FOLLOWS BELOW.

ਕੈਲ਼
ਇੰਗ
ਲੈਂਗੂ
ਡਿਵੈਂਲਪਮਟ
ਟੈਸਟ

# 2011–12 ਸੰਸਕਰਣ
# ਟੈਸਟ ਦੇ ਨਤੀਜਿਆਂ ਨੂੰ ਸਮਝਣ ਬਾਰੇ ਗਾਈਡ
# ਗਰੇਡ ਦੋ ਤੋਂ ਲੈਕੇ ਗਰੇਡ ਬਾਰਾਂ ਵਾਸਤੇ

ਇਸ ਗਾਈਡ ਨੂੰ *ਕੈਲੀਫੋਰਨੀਆ ਇੰਗਲਿਸ਼ ਲੈਂਗੁਏਜ ਡਿਵੈਲਪਮੈਂਟ ਟੈਸਟ (California English Language Development Test, CELDT) ਸਟੂਡੈਂਟ ਪ੍ਰਫਾਰਮੈਂਸ ਲੈਵਲ ਰਿਪੋਰਟ* ਵਿਚਲੀ ਜਾਣਕਾਰੀ ਸਮਝਣ ਵਿੱਚ ਮਾਪਿਆਂ ਦੀ ਮਦਦ ਕਰਨ ਲਈ ਵਿਉਂਤਿਆ ਗਿਆ ਹੈ।

## ਟੈਸਟ ਦਾ ਮਕਸਦ

ਪ੍ਰਾਂਤ ਦਾ ਕਾਨੂੰਨ (*ਐਜੂਕੇਸ਼ਨ ਕੋਡ* ਦੇ ਸ਼ੈਕਸ਼ਨ 313 ਅਤੇ 60810) ਅਤੇ ਸੰਘੀ ਕਾਨੂੰਨ (ਐਲੀਮੈਂਟਰੀ ਅਤੇ ਸੈਕੰਡਰੀ ਐਜੂਕੇਸ਼ਨ ਐਕਟ ਦਾ ਟਾਈਟਲ III) ਇਹ ਲੋੜਦੇ ਹਨ ਕਿ ਸਕੂਲੀ ਜਿਲ੍ਹੇ ਅੱਗੇ ਦੱਸੇ ਵਿਦਿਆਰਥੀਆਂ ਵਾਸਤੇ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਵੀਨਤਾ ਦਾ ਇੱਕ ਰਾਜ ਪੱਧਰੀ ਟੈਸਟ ਲੈਣ: (1) ਨਵੇਂ ਦਾਖਲ ਕੀਤੇ ਵਿਦਿਆਰਥੀ ਜਿੰਨ੍ਹਾਂ ਦੀ ਮੁੱਖ ਭਾਸ਼ਾ ਅੰਗਰੇਜ਼ੀ ਨਹੀਂ ਹੈ, ਅਤੇ (2) ਉਹ ਵਿਦਿਆਰਥੀ ਜੋ ਅੰਗਰੇਜ਼ੀ ਦੇ ਸਿਖਿਆਰਥੀ ਹਨ। ਕੈਲੀਫੋਰਨੀਆ ਪਬਲਿਕ ਸਕੂਲ ਵਿਦਿਆਰਥੀਆਂ ਵਾਸਤੇ ਇਹ ਟੈਸਟ CELDT ਹੈ। CELDT ਦੇ ਤਿੰਨ ਮਕਸਦ ਹਨ:

- ਉਹਨਾਂ ਵਿਦਿਆਰਥੀਆਂ ਦੀ ਪਛਾਣ ਕਰਨਾ ਜੋ ਅੰਗਰੇਜ਼ੀ ਵਿੱਚ ਸੀਮਤ ਹੱਦ ਤੱਕ ਹੀ ਪ੍ਰਵੀਨ ਹਨ (ਅੰਗਰੇਜ਼ੀ ਵਿੱਚ ਪੂਰੇ ਫਰਾਟੇਦਾਰ ਨਹੀਂ ਹਨ)
- ਅੰਗਰੇਜ਼ੀ ਭਾਸ਼ਾ ਵਿੱਚ ਸੀਮਤ ਪ੍ਰਵੀਨਤਾ ਵਾਲੇ ਵਿਦਿਆਰਥੀਆਂ ਦੀ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਵੀਨਤਾ ਦੇ ਪੱਧਰ ਦਾ ਪਤਾ ਲਾਉਣਾ
- ਅੰਗਰੇਜ਼ੀ ਭਾਸ਼ਾ ਵਿੱਚ ਸੀਮਤ ਪ੍ਰਵੀਨਤਾ ਵਾਲੇ ਵਿਦਿਆਰਥੀਆਂ ਦੀਆਂ ਅੰਗਰੇਜ਼ੀ ਸੁਣਨ, ਪੜ੍ਹਨ, ਬੋਲਣ ਅਤੇ ਲਿਖਣ ਦੀਆਂ ਮੁਹਾਰਤਾਂ ਹਾਸਲ ਕਰਨ ਵਿੱਚ ਪ੍ਰਗਤੀ ਦਾ ਮੁਲਾਂਕਣ ਕਰਨਾ

## ਟੈਸਟ ਦੀ ਵੰਨਗੀ

CELDT, ਕੈਲੀਫੋਰਨੀਆ ਦੇ ਅੰਗਰੇਜ਼ੀ-ਭਾਸ਼ਾ ਦੇ ਵਿਕਾਸ ਸਬੰਧੀ ਮਿਆਰਾਂ 'ਤੇ ਆਧਾਰਿਤ ਹੈ ਜੋ ਕੈਲੀਫੋਰਨੀਆ ਡਿਪਾਰਟਮੈਂਟ ਆਫ ਐਜੂਕੇਸ਼ਨ (CDE) ਦੀ ਅੰਗਰੇਜ਼ੀ ਭਾਸ਼ਾ ਵਿੱਚ ਵੈਬਸਾਈਟ http://www.cde.ca.gov/be/st/ss/documents/englangdevstnd.pdf ਅਤੇ ਸਪੇਨੀ ਭਾਸ਼ਾ ਵਿੱਚ ਵੈਬਸਾਈਟ http://www.cde.ca.gov/be/st/ss/documents/eldspan.pdf 'ਤੇ ਉਪਲਬਧ ਹਨ।

CELDT ਕਿਸੇ ਵਿਦਿਆਰਥੀ ਦੀਆਂ ਅੰਗਰੇਜ਼ੀ ਭਾਸ਼ਾ ਵਿੱਚ ਮੁਹਾਰਤਾਂ ਨੂੰ ਅੱਗੇ ਲਿਖੇ ਖੇਤਰਾਂ ਵਿੱਚ ਮਾਪਦੀ ਹੈ: ਸੁਣਨਾ, ਬੋਲਣਾ, ਪੜ੍ਹਨਾ, ਅਤੇ ਲਿਖਣਾ।

**ਸੁਣਨ** ਦਾ ਖੇਤਰ ਇਹ ਮਾਪਦਾ ਹੈ ਕਿ ਵਿਦਿਆਰਥੀ ਅੰਗਰੇਜ਼ੀ ਵਿੱਚ ਸੁਣੀ ਹੋਈ ਜਾਣਕਾਰੀ ਨੂੰ ਕਿੰਨ੍ਹੀ ਕੁ ਚੰਗੀ ਤਰਾਂ ਸਮਝ ਸਕਦੇ ਹਨ। ਵਿਦਿਆਰਥੀਆਂ ਨੂੰ ਜ਼ਬਾਨੀ ਨਿਰਦੇਸ਼ਾਂ ਦਾ ਪਾਲਣ ਕਰਨ ਅਤੇ ਪਰੀਖਿਅਕ ਵੱਲੋਂ ਪੜ੍ਹੀ ਜਾਣਕਾਰੀ ਅਤੇ ਕਹਾਣੀਆਂ ਦੀ ਸਮਝ ਦਿਖਾਉਣ ਲਈ ਕਿਹਾ ਜਾਂਦਾ ਹੈ। ਕਿੰਡਰਗਾਰਟਨ ਤੋਂ ਲੈਕੇ ਗਰੇਡ ਦੋ ਤੱਕ, ਵਿਦਿਆਰਥੀਆਂ ਨੂੰ ਅਜਿਹੇ ਸ਼ਬਦ ਦੱਸਣ ਲਈ ਵੀ ਕਿਹਾ ਜਾਂਦਾ ਹੈ ਜਿੰਨ੍ਹਾਂ ਦਾ ਤੁਕਾਂਤ ਪਰੀਖਿਅਕ ਵੱਲੋਂ ਦਿੱਤੇ ਸ਼ਬਦਾਂ ਨਾਲ ਮੇਲ ਖਾਂਦਾ ਹੋਵੇ।

**ਬੋਲਣ** ਦਾ ਖੇਤਰ ਇਹ ਮਾਪਦਾ ਹੈ ਕਿ ਵਿਦਿਆਰਥੀ ਕਿੰਨ੍ਹੀ ਕੁ ਚੰਗੀ ਤਰਾਂ ਅੰਗਰੇਜ਼ੀ ਵਿੱਚ ਜ਼ਬਾਨੀ ਤੌਰ 'ਤੇ ਵਿਚਾਰਾਂ ਨੂੰ ਪ੍ਰਗਟਾਅ ਸਕਦੇ ਹਨ ਅਤੇ ਸਵਾਲਾਂ ਦੇ ਜਵਾਬ ਦੇ ਸਕਦੇ ਹਨ। ਵਿਦਿਆਰਥੀਆਂ ਨੂੰ ਵਸਤੂਆਂ ਦੇ ਨਾਮ ਅਤੇ ਉਹਨਾਂ ਦੇ ਉਪਯੋਗ ਦੱਸਣ ਲਈ ਕਿਹਾ ਜਾਂਦਾ ਹੈ, ਸਵਾਲਾਂ ਦੇ ਜ਼ਬਾਨੀ ਜਵਾਬ ਦੇਣ ਲਈ ਕਿਹਾ ਜਾਂਦਾ ਹੈ ਅਤੇ ਤਸਵੀਰਾਂ 'ਤੇ ਆਧਾਰਿਤ ਕਹਾਣੀਆਂ ਦੱਸਣ ਲਈ ਕਿਹਾ ਜਾਂਦਾ ਹੈ।

**ਪੜ੍ਹਨ** ਦਾ ਖੇਤਰ ਇਹ ਮਾਪਦਾ ਹੈ ਕਿ ਵਿਦਿਆਰਥੀ ਕਿੰਨ੍ਹੀ ਕੁ ਚੰਗੀ ਤਰਾਂ ਅੰਗਰੇਜ਼ੀ ਵਿੱਚ ਪੜ੍ਹ ਸਕਦੇ ਹਨ। ਕਿੰਡਰਗਾਰਟਨ ਅਤੇ ਗਰੇਡ ਇੱਕ (K-1) ਵਿੱਚ, ਵਿਦਿਆਰਥੀਆਂ ਨੂੰ ਕਿਤਾਬ ਦੇ ਭਾਗਾਂ ਦੀ ਪਛਾਣ ਕਰਨ ਲਈ ਕਿਹਾ ਜਾਂਦਾ ਹੈ, ਅੱਖਰਾਂ ਦਾ ਨਾਮ ਅਤੇ ਉਹਨਾਂ ਦੀਆਂ ਧੁਨੀਆਂ ਦੱਸਣ ਲਈ ਕਿਹਾ ਜਾਂਦਾ ਹੈ ਅਤੇ ਸਾਧਾਰਨ ਸ਼ਬਦਾਂ ਅਤੇ ਵਾਕਾਂ ਨੂੰ ਪੜ੍ਹਨ ਲਈ ਕਿਹਾ ਜਾਂਦਾ ਹੈ। ਗਰੇਡ ਦੋ ਤੋਂ ਲੈਕੇ ਬਾਰਾਂ ਤੱਕ (2-12), ਵਿਦਿਆਰਥੀਆਂ ਨੂੰ ਵਾਕਾਂ ਨੂੰ ਪੂਰਾ ਕਰਨ ਲਈ ਸ਼ਬਦ ਚੁਣਨ ਲਈ ਕਿਹਾ ਜਾਂਦਾ ਹੈ, ਗਰੇਡ ਲਈ ਢੁਕਵੀਂ ਸ਼ਬਦਾਵਲੀ ਦੇ ਗਿਆਨ ਨੂੰ ਦਰਸਾਉਣ ਅਤੇ ਸ਼ਬਦ ਰਚਨਾ ਦੇ ਨਿਯਮਾਂ ਨੂੰ ਦਰਸਾਉਣ ਲਈ ਕਿਹਾ ਜਾਂਦਾ ਹੈ ਅਤੇ ਪੜ੍ਹ ਕੇ ਸਮਝਣ ਦੀ ਯੋਗਤਾ ਦਿਖਾਉਣ ਲਈ ਕਿਹਾ ਜਾਂਦਾ ਹੈ।

**ਲਿਖਣ** ਦਾ ਖੇਤਰ ਇਹ ਮਾਪਦਾ ਹੈ ਕਿ ਵਿਦਿਆਰਥੀ ਕਿੰਨ੍ਹੀ ਕੁ ਚੰਗੀ ਤਰਾਂ ਅੰਗਰੇਜ਼ੀ ਵਿੱਚ ਲਿਖ ਸਕਦੇ ਹਨ। K-1 ਵਿੱਚ, ਵਿਦਿਆਰਥੀਆਂ ਨੂੰ ਅੱਖਰਾਂ ਅਤੇ ਸ਼ਬਦਾਂ ਦੀ ਨਕਲ ਕਰਨ, ਪਰੀਖਿਅਕ ਦੁਆਰਾ ਪੜ੍ਹੀ ਗਈ ਕਹਾਣੀ 'ਤੇ ਆਧਾਰਿਤ ਸਰਲ ਸ਼ਬਦ ਲਿਖਣ ਲਈ ਕਿਹਾ ਜਾਂਦਾ ਹੈ ਅਤੇ ਮੁਢਲੇ ਵਿਸ਼ਰਾਮ ਚਿੰਨ੍ਹਾਂ ਦੀ ਪਛਾਣ ਕਰਨ ਅਤੇ ਕਿਸੇ ਛੋਟੇ ਵਾਕ ਵਿੱਚ ਅੰਗਰੇਜ਼ੀ ਦੇ ਵੱਡੇ ਅੱਖਰ ਵਰਤਣ ਦੀ ਲੋੜ ਦੀ ਪਛਾਣ ਕਰਨ ਲਈ ਕਿਹਾ ਜਾਂਦਾ ਹੈ। ਗਰੇਡ 2 – 12 ਵਿੱਚ, ਵਿਦਿਆਰਥੀਆਂ ਨੂੰ ਵਿਆਕਰਣ ਦਾ ਗਿਆਨ ਦਰਸਾਉਣ, ਵਾਕ ਲਿਖਣ ਅਤੇ ਇੱਕ ਸੰਖੇਪ ਰਚਨਾ ਲਿਖਣ ਲਈ ਕਿਹਾ ਜਾਂਦਾ ਹੈ।

CELDT ਦੇ ਟੈਸਟ ਦੇ ਪ੍ਰਸ਼ਨ (ਅੰਗਰੇਜ਼ੀ ਵਿੱਚ) ਰੀਲੀਜ਼ਡ ਟੈਸਟ ਕਵਸ਼ਚਨਜ (Released Test Questions) ਨਾਮ ਦੇ ਦਸਤਾਵੇਜ਼ ਵਿੱਚ ਦੇਖੇ ਜਾ ਸਕਦੇ ਹਨ ਜੋ ਕਿ CDE ਦੀ ਵੈਬਸਾਈਟ 'ਤੇ ਉਪਲਬਧ ਹੈ: http://www.cde.ca.gov/ta/tg/el/documents/celdtrtqs0111.pdf.

## *ਸਟੂਡੈਂਟ ਪ੍ਰਫਾਰਮੈਂਸ ਲੈਵਲ ਰਿਪੋਰਟ* ਨੂੰ ਸਮਝਣਾ

ਹੇਠਾਂ *CELDT ਸਟੂਡੈਂਟ ਪ੍ਰਫਾਰਮੈਂਸ ਲੈਵਲ ਰਿਪੋਰਟ* ਦਾ ਇੱਕ ਨਮੂਨਾ ਦਿੱਤਾ ਗਿਆ ਹੈ। ਇਹ ਹਰੇਕ ਖੇਤਰ ਵਿੱਚ ਅਤੇ ਸਮੁੱਚੇ ਰੂਪ ਵਿੱਚ ਵਿਦਿਆਰਥੀ ਦੇ ਸਕੋਰ ਅਤੇ ਪ੍ਰਦਰਸ਼ਨ ਦੇ ਪੱਧਰ ਦਰਸਾਉਂਦੀ ਹੈ। K-1 ਵਾਸਤੇ, ਸਮੁੱਚੇ ਸਕੋਰ ਦੀ ਗਣਨਾ 45% ਸੁਣਨ ਵਜੋਂ, 45% ਬੋਲਣ ਵਜੋਂ, 5% ਪੜ੍ਹਨ ਵਜੋਂ, ਅਤੇ 5% ਲਿਖਣ ਵਜੋਂ ਕੀਤੀ ਜਾਂਦੀ ਹੈ। ਗਰੇਡ 2- 12 ਵਾਸਤੇ, ਸਮੁੱਚਾ ਸਕੋਰ ਸਾਰੇ ਚਾਰ ਖੇਤਰਾਂ ਦੇ ਸਕੋਰਾਂ ਦੀ ਔਸਤ ਹੁੰਦਾ ਹੈ। ਹਰੇਕ ਖੇਤਰ ਦੇ ਸਕੋਰ ਅਤੇ ਸਮੁੱਚੇ ਸਕੋਰ ਨੂੰ ਪੰਜ ਪ੍ਰਦਰਸ਼ਨ ਪੱਧਰਾਂ ਵਿੱਚੋਂ ਕਿਸੇ ਇੱਕ ਵਿੱਚ ਸ਼੍ਰੇਣੀਬੱਧ ਕੀਤਾ ਜਾਂਦਾ ਹੈ: ਬੀਗਿਨਿੰਗ (Beginning), ਅਰਲੀ ਇੰਟਰਮੀਡੀਅਟ (Early Intermediate), ਇੰਟਰਮੀਡੀਅਟ (Intermediate), ਅਰਲੀ ਅਡਵਾਂਸਡ (Early Advanced), ਅਤੇ ਅਡਵਾਂਸਡ (Advanced)। ਸਮੁੱਚੇ ਪ੍ਰਦਰਸ਼ਨ ਪੱਧਰਾਂ ਦੇ ਵਰਣਨਾਂ ਨੂੰ ਨਾਲ ਨੱਥੀ ਕੀਤਾ ਗਿਆ ਹੈ। ਇਸਤੋਂ ਇਲਾਵਾ, ਇੱਕ ਵਿਸਤਰਿਤ ਸਕੋਰ (ਸੁਣਨ ਅਤੇ ਪੜ੍ਹਨ ਦੇ ਖੇਤਰਾਂ ਵਿੱਚ ਕੀਤੇ ਸਕੋਰਾਂ ਦੀ ਔਸਤ) ਵੀ ਮੁਹੱਈਆ ਕੀਤਾ ਗਿਆ ਹੈ।




ਸੰਕੇਤ ਸੂਚੀ:

A: ਵਿਦਿਆਰਥੀ ਦਾ ਨਾਮ (ਨਾਮ ਦਾ ਆਖਰੀ ਹਿੱਸਾ, ਨਾਮ ਦਾ ਪਹਿਲਾ ਹਿੱਸਾ) ਅਤੇ ਮਾਪੇ/ਸੰਰੱਖਿਅਕ ਦਾ ਡਾਕ ਪਤਾ

B: ਵਿਦਿਆਰਥੀ ਦਾ ਨਾਮ ਅਤੇ ਗਰੇਡ

C: ਟੈਸਟ ਦਾ ਮਕਸਦ ਅਤੇ ਟੈਸਟ ਦੀ ਤਾਰੀਖ

D: ਵਿਦਿਆਰਥੀ ਦੀ ਜਨਮ ਤਾਰੀਖ, ਮੁਢਲੀ ਭਾਸ਼ਾ, ਅਤੇ ਪ੍ਰਾਂਤਕੀ ਅਤੇ ਸਥਾਨਕ ਆਈ.ਡੀ. ਨੰਬਰ

E: ਸਕੂਲ ਅਤੇ ਜਿਲ੍ਹਾ ਜਿੱਥੇ ਟੈਸਟ ਦਿੱਤਾ ਗਿਆ ਸੀ

F: ਸਮੁੱਚੇ ਅਤੇ ਮੁਲਾਂਕਣ ਕੀਤੇ ਖੇਤਰ, ਹਰ ਇੱਕ ਸੰਭਾਵਿਤ ਪੈਮਾਨਾ ਸਕੋਰਾਂ ਦੀ ਰੇਂਜ਼ ਦੇ ਨਾਲ

G: ਪ੍ਰਦਰਸ਼ਨ ਪੱਧਰ (ਅਡਵਾਂਸਡ, ਅਰਲੀ ਅਡਵਾਂਸਡ, ਇੰਟਰਮੀਡੀਅਟ, ਅਰਲੀ ਇੰਟਰਮੀਡੀਅਟ, ਅਤੇ ਬੀਗਿਨਿੰਗ)

H: ਛੜਾਂ (bars) ਅਤੇ ਪੈਮਾਨੇ ਦੇ ਸਕੋਰ ਹਰੇਕ ਖੇਤਰ ਵਿੱਚ ਅਤੇ ਸਮੁੱਚੇ ਰੂਪ ਵਿੱਚ ਵਿਦਿਆਰਥੀ ਦੇ ਪ੍ਰਦਰਸ਼ਨ ਦੇ ਪੱਧਰ ਨੂੰ ਦਿਖਾਉਂਦੇ ਹਨ

I: ਸਮਝ ਸ਼ਕਤੀ (Comprehension) ਦਾ ਸਕੋਰ

J: ਇਸ ਰਿਪੋਰਟ ਨੂੰ ਕਿਵੇਂ ਪੜ੍ਹਨਾ ਹੈ

*ਸਟੂਡੈਂਟ ਪ੍ਰਫਾਰਮੈਂਸ ਲੈਵਲ ਰਿਪੋਰਟ* 'ਤੇ, ਛੜਾਂ ਦੀ ਲੰਬਾਈ ਵਿਦਿਆਰਥੀ ਦੇ ਪ੍ਰਦਰਸ਼ਨ ਨੂੰ ਦਰਸਾਉਂਦੀ ਹੈ। ਪਹਿਲੀ ਛੜ ਸਮੁੱਚੇ ਪ੍ਰਦਰਸ਼ਨ ਪੱਧਰ ਨੂੰ ਦਿਖਾਉਂਦੀ ਹੈ, ਅਤੇ ਦੂਜੀਆਂ ਛੜਾਂ ਹਰੇਕ ਖੇਤਰ ਵਾਸਤੇ ਪ੍ਰਦਰਸ਼ਨ ਦੇ ਪੱਧਰ ਨੂੰ ਦਰਸਾਉਂਦੀਆਂ ਹਨ।

CELDT ਸਕੋਰ ਸਕੂਲ ਦੀ ਇਹ ਨਿਰਣਾ ਕਰਨ ਵਿੱਚ ਮਦਦ ਕਰਦੇ ਹਨ ਕਿ ਵਿਦਿਆਰਥੀ ਨੂੰ ਜਮਾਤ ਵਿੱਚ ਕਿਸ ਕਿਸਮ ਦੀ ਪੜ੍ਹਾਈ ਪ੍ਰਾਪਤ ਕਰਨੀ ਚਾਹੀਦੀ ਹੈ। ਇਹਨਾਂ ਫੈਸਲਿਆਂ ਨੂੰ ਕਰਨ ਲਈ ਸਕੂਲ ਹੋਰਨਾਂ ਟੈਸਟਾਂ ਤੋਂ ਮਿਲੇ ਸਕੋਰਾਂ, ਅਧਿਆਪਕ ਦੇ ਮੁਲਾਂਕਣ ਅਤੇ ਮਾਪਿਆਂ ਨਾਲ ਕੀਤੇ ਸਲਾਹ ਮਸ਼ਵਰੇ ਦੀ ਵਰਤੋਂ ਵੀ ਕਰੇਗਾ। CELDT 'ਤੇ ਪ੍ਰਗਤੀ ਕਰਨ ਲਈ, ਵਿਦਿਆਰਥੀ ਨੂੰ ਸਾਰੇ ਖੇਤਰਾਂ 'ਤੇ ਪਕੜ ਬਣਾਉਣ ਲਈ ਅਣਥੱਕ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਵਿਦਿਆਰਥੀ ਦੀ ਮਦਦ ਕਿਵੇਂ ਕਰੀਏ, ਇਸ ਬਾਰੇ ਜਾਣਕਾਰੀ ਸਕੂਲ ਕੋਲੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਜੇ ਇੱਕ ਜਾਂ ਵਧੇਰੇ ਖੇਤਰਾਂ ਵਾਸਤੇ, ਟੈਸਟ ਵਿੱਚ ਸੋਧ ਜਾਂ ਵਿਕਲਪਕ ਮੁਲਾਂਕਣ ਦੀ ਵਰਤੋਂ ਕੀਤੀ ਗਈ ਸੀ ਤਾਂ ਪ੍ਰਭਾਵਿਤ ਖੇਤਰ (ਰਾਂ) ਨੂੰ ਇੱਕ ਤਾਰੇ (*) ਦੁਆਰਾ ਦਰਸਾਇਆ ਜਾਵੇਗਾ ਅਤੇ ਰਿਪੋਰਟ ਵਿੱਚ ਹੇਠਾਂ ਲਿਖਿਆ ਫੁੱਟਨੋਟ ਹੋਵੇਗਾ:

> * ਇਸ ਖੇਤਰ ਦਾ ਟੈਸਟ ਲੈਣ ਦੌਰਾਨ ਟੈਸਟ ਵਿੱਚ ਸੋਧ ਜਾਂ ਵਿਕਲਪਕ ਮੁਲਾਂਕਣ ਦੀ ਵਰਤੋਂ ਕੀਤੀ ਗਈ ਸੀ। ਸੋਧਾਂ ਅਤੇ ਵਿਕਲਪਕ ਮੁਲਾਂਕਣ ਉਸ ਚੀਜ਼ ਨੂੰ ਬਦਲਕੇ ਰੱਖ ਦਿੰਦੇ ਹਨ ਜਿਸਨੂੰ ਮਾਪਣ ਦਾ CELDT ਇਰਾਦਾ ਰੱਖਦੀ ਹੈ, ਇਸ ਕਰਕੇ ਵਿਦਿਆਰਥੀ ਘੱਟੋ-ਘੱਟ ਪ੍ਰਾਪਤ ਕੀਤੇ ਜਾ ਸਕਣ ਵਾਲੇ ਪੈਮਾਨਾ ਸਕੋਰ (lowest obtainable scale score - LOSS) ਪ੍ਰਾਪਤ ਕਰਦਾ ਹੈ। ਕਿਉਂਕਿ LOSS ਸਮੁੱਚੇ ਸਕੋਰ ਨੂੰ ਘਟਾ ਦਿੰਦਾ ਹੈ, ਨਤੀਜਿਆਂ ਨੂੰ ਸਮਝਦੇ ਸਮੇਂ ਸਾਵਧਾਨੀ ਵਰਤਣੀ ਚਾਹੀਦੀ ਹੈ।

ਜੇ ਟੈਸਟ ਕਰਨ ਦੀ ਪ੍ਰਕਿਰਿਆ ਦੌਰਾਨ ਕੋਈ ਬੇਨਿਯਮੀ ਵਾਪਰੀ ਹੈ, ਤਾਂ ਪ੍ਰਭਾਵਿਤ ਖੇਤਰ(ਰਾਂ) ਨੂੰ ਇੱਕ "^" ਚਿੰਨ੍ਹ ਦੇ ਨਾਲ ਦਰਸਾਇਆ ਜਾਵੇਗਾ ਅਤੇ ਰਿਪੋਰਟ ਵਿੱਚ ਹੇਠਾਂ ਲਿਖਿਆ ਫੁੱਟਨੋਟ ਹੋਵੇਗਾ:

> ^ ਇਸ ਖੇਤਰ ਦਾ ਟੈਸਟ ਲੈਣ ਦੌਰਾਨ ਟੈਸਟ ਕਰਨ ਦੀ ਪ੍ਰਕਿਰਿਆ ਵਿੱਚ ਬੇਨਿਯਮੀ ਵਾਪਰੀ। ਵਧੇਰੇ ਜਾਣਕਾਰੀ ਸਕੂਲ ਕੋਲੋਂ ਲਈ ਜਾ ਸਕਦੀ ਹੈ।

ਅੱਗੇ ਦਿੱਤੇ ਪੰਨੇ 'ਤੇ CELDT ਕੁੱਲ ਮਿਲਾ ਕੇ ਟੈਸਟ ਵਿੱਚ ਪ੍ਰਦਰਸ਼ਨ ਦੇ ਵਰਣਨਕਰਤਾ (Overall Test Performance Descriptors), ਇਹ ਵਰਣਨ ਕਰਦੇ ਹਨ ਕਿ ਅੰਗਰੇਜ਼ੀ ਵਿੱਚ ਹਰੇਕ ਪੱਧਰ 'ਤੇ ਵਿਦਿਆਰਥੀ ਰਵਾਇਤੀ ਤੌਰ 'ਤੇ ਕੀ ਜਾਣਦੇ ਹਨ ਅਤੇ ਕੀ ਕਰ ਸਕਦੇ ਹਨ। ਹਰੇਕ ਖੇਤਰ ਵਾਸਤੇ ਟੈਸਟ ਪ੍ਰਫਾਰਮੈਂਸ ਡੈੱਸਕਰਿਪਟਰਜ ਨੂੰ ਅੰਗਰੇਜ਼ੀ ਵਿੱਚ *ਸਟੂਡੈਂਟ ਪ੍ਰਫਾਰਮੈਂਸ ਲੈਵਲ ਰਿਪੋਰਟ* ਦੇ ਪਿਛਲੇ ਪਾਸੇ ਮੁਹੱਈਆ ਕੀਤਾ ਗਿਆ ਹੈ।

## CELDT ਬਾਰੇ ਵਧੇਰੇ ਜਾਣਕਾਰੀ

CELDT ਬਾਰੇ ਵਧੇਰੇ ਜਾਣਕਾਰੀ CDE ਦੀ ਵੈਬਸਾਈਟ http://www.cde.ca.gov/ta/tg/el/ ਤੋਂ ਲਈ ਜਾ ਸਕਦੀ ਹੈ।

# CELDT ਕੁੱਲ ਮਿਲਾ ਕੇ ਟੈਸਟ ਵਿੱਚ ਪ੍ਰਦਰਸ਼ਨ ਦੇ ਵਰਣਨਕਰਤਾ ਗਰੇਡ ਦੋ ਤੋਂ ਲੈਕੇ ਗਰੇਡ ਬਾਰਾਂ ਤੱਕ

**ਅਡਵਾਂਸਡ (ਅਗਾਉਂ)**

ਅੰਗਰੇਜ਼ੀ ਭਾਸ਼ਾ ਦੇ ਪ੍ਰਦਰਸ਼ਨ ਦੇ ਇਸ ਪੱਧਰ 'ਤੇ ਵਿਦਿਆਰਥੀ, ਸਮਾਜਕ ਅਤੇ ਸਿੱਖਣ ਸਬੰਧੀ ਲੋੜਾਂ ਦੀ ਪੂਰਤੀ ਲਈ ਜਾਣੇ-ਪਛਾਣੇ ਅਤੇ ਨਵੇਂ ਵਿਸ਼ਿਆਂ ਦੀ ਇੱਕ ਵਿਸ਼ਾਲ ਲੜੀ 'ਤੇ ਵਿਭਿੰਨ ਸਰੋਤਿਆਂ ਨਾਲ ਅਸਰਦਾਇਕ ਤਰੀਕੇ ਨਾਲ ਗੱਲਬਾਤ ਕਰਦੇ ਹਨ। ਜੱਦੀ ਤੌਰ 'ਤੇ ਅੰਗਰੇਜ਼ੀ ਬੋਲਣ ਵਾਲੇ ਆਪਣੇ ਸਾਥੀਆਂ ਦੇ ਬਰਾਬਰ ਦੀ ਅੰਗਰੇਜ਼ੀ ਪ੍ਰਵੀਨਤਾ ਹਾਸਲ ਕਰਨ ਲਈ, ਅਗਲੇਰੇ ਭਾਸ਼ਾਈ ਵਰਧਨ ਅਤੇ ਸੁਧਾਈ ਦੀ ਅਜੇ ਵੀ ਲੋੜ ਹੁੰਦੀ ਹੈ। ਉਹ ਸਾਰੇ ਅਕਾਦਮਿਕ ਖੇਤਰਾਂ ਵਿੱਚ ਅਣਸੋਧੀ ਪੜ੍ਹਾਈ ਦੌਰਾਨ ਠੋਸ ਵਿਸਥਾਰਾਂ ਦੀ ਜ਼ਬਾਨੀ ਤੌਰ 'ਤੇ ਪਛਾਣ ਕਰਨ ਅਤੇ ਇਹਨਾਂ ਦਾ ਸਾਰਅੰਸ਼ ਦੇਣ ਦੇ ਯੋਗ ਹੁੰਦੇ ਹਨ ਅਤੇ ਮੂਲ ਸਿਧਾਂਤਾਂ ਦਾ ਸਾਰ ਕੱਢ ਸਕਦੇ ਹਨ। ਜ਼ਬਾਨੀ ਅਤੇ ਲਿਖਤੀ ਉਤਪਾਦਨ, ਅਕਾਦਮਿਕ ਖੇਤਰਾਂ ਲਈ ਢੁਕਵੇਂ ਵਾਰਤਾਲਾਪ ਨੂੰ ਉਜਾਗਰ ਕਰਦਾ ਹੈ। ਭੁੱਲਾਂ-ਚੁੱਕਾਂ ਕਦੇ ਕਦਾਈਂ ਹੀ ਹੁੰਦੀਆਂ ਹਨ ਅਤੇ ਇਹ ਸੰਚਾਰ ਵਿੱਚ ਕਟੌਤੀ ਨਹੀਂ ਕਰਦੀਆਂ।

**ਅਰਲੀ ਅਡਵਾਂਸਡ (ਸ਼ੁਰੂਆਤੀ ਅਗਾਉਂ)**

ਅੰਗਰੇਜ਼ੀ ਭਾਸ਼ਾ ਦੇ ਇਸ ਪ੍ਰਦਰਸ਼ਨ ਪੱਧਰ 'ਤੇ ਵਿਦਿਆਰਥੀ, ਅੰਗਰੇਜ਼ੀ ਭਾਸ਼ਾ ਦੇ ਅੰਸ਼ਾਂ ਨੂੰ ਇੱਕ ਗੁੰਝਲਦਾਰ, ਬੋਧਿਕ ਤੌਰ 'ਤੇ ਮੰਗ ਕਰਦੀਆਂ ਸਥਿਤੀਆਂ ਵਿੱਚ ਜੋੜਨਾ ਸ਼ੁਰੂ ਕਰ ਦਿੰਦੇ ਹਨ ਅਤੇ ਅਕਾਦਮਿਕ ਖੇਤਰਾਂ ਵਿੱਚ ਸਿੱਖਣ ਵਾਸਤੇ ਅੰਗਰੇਜ਼ੀ ਨੂੰ ਇੱਕ ਸਾਧਨ ਵਜੋਂ ਵਰਤਣ ਦੇ ਯੋਗ ਹੁੰਦੇ ਹਨ। ਉਹ ਜ਼ਿਆਦਾਤਰ ਅਕਾਦਮਿਕ ਖੇਤਰਾਂ ਵਿੱਚ ਅਣਸੋਧੀ ਪੜ੍ਹਾਈ ਦੌਰਾਨ ਜ਼ਿਆਦਾਤਰ ਠੋਸ ਵਿਸਥਾਰਾਂ ਦੀ ਜ਼ਬਾਨੀ ਤੌਰ 'ਤੇ ਪਛਾਣ ਕਰਨ ਅਤੇ ਇਹਨਾਂ ਦਾ ਸਾਰਅੰਸ਼ ਦੇਣ ਦੇ ਯੋਗ ਹੁੰਦੇ ਹਨ ਅਤੇ ਮੂਲ ਸਿਧਾਂਤਾਂ ਦਾ ਸਾਰ ਕੱਢ ਸਕਦੇ ਹਨ। ਜ਼ਬਾਨੀ ਅਤੇ ਲਿਖਤੀ ਉਤਪਾਦਨ ਦੇ ਲੱਛਣਾਂ ਵਿੱਚ ਵਧੇਰੇ ਵਿਸਤਰਿਤ ਵਾਰਤਾਲਾਪ ਅਤੇ ਪੂਰੀ ਤਰਾਂ ਵਿਕਸਤ ਪੈਰ੍ਹੇ ਅਤੇ ਰਚਨਾਵਾਂ ਹੁੰਦੇ ਹਨ। ਭੁੱਲਾਂ-ਚੁੱਕਾਂ ਘੱਟ ਬਾਰੰਬਾਰਤਾ ਨਾਲ ਹੁੰਦੀਆਂ ਹਨ ਅਤੇ ਕਦੇ ਕਦਾਈਂ ਹੀ ਸੰਚਾਰ ਨੂੰ ਗੁੰਝਲਦਾਰ ਬਣਾਉਂਦੀਆਂ ਹਨ।

**ਇੰਟਰਮੀਡੀਏਟ (ਦਰਮਿਆਨਾ)**

ਅੰਗਰੇਜ਼ੀ ਭਾਸ਼ਾ ਦੇ ਪ੍ਰਦਰਸ਼ਨ ਦੇ ਇਸ ਪੱਧਰ 'ਤੇ ਵਿਦਿਆਰਥੀ, ਅੰਗਰੇਜ਼ੀ ਭਾਸ਼ਾ ਦੀਆਂ ਮੁਹਾਰਤਾਂ ਨੂੰ ਵਧਦੀ ਹੋਈ ਸਟੀਕਤਾ ਨਾਲ ਸੰਚਾਰਾਂ ਅਤੇ ਸਿੱਖਣ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਵਿਉਂਤਣ ਲੱਗਦੇ ਹਨ। ਉਹ ਅਣਸੋਧੀ ਪੜ੍ਹਾਈ ਦੌਰਾਨ ਵਧੇਰੇ ਠੋਸ ਵਿਸਥਾਰਾਂ ਨੂੰ ਪਛਾਣਨ ਅਤੇ ਸਮਝਣ ਦੇ ਯੋਗ ਹੁੰਦੇ ਹਨ ਅਤੇ ਕੁਝ ਵੱਡੇ ਸੂਖਮ ਸਿਧਾਂਤਾਂ ਨੂੰ ਸਮਝਣ ਦੇ ਯੋਗ ਹੁੰਦੇ ਹਨ। ਉਹ ਘੱਟ ਗਲਤੀਆਂ ਦੇ ਨਾਲ ਵਧੇਰੇ ਵੰਨ-ਸੁਵੰਨੀ ਗੱਲਬਾਤ ਅਤੇ ਸਿੱਖਣ ਦੀਆਂ ਲੋੜਾਂ ਦਾ ਵਧਦੀ ਹੋਈ ਆਸਾਨੀ ਨਾਲ ਜ਼ਬਾਨੀ ਹੁੰਗਾਰਾ ਭਰਨ ਅਤੇ ਆਪਣੇ ਵਿਚਾਰ ਪ੍ਰਗਟਾਉਣ ਦੇ ਯੋਗ ਹੁੰਦੇ ਹਨ। ਜ਼ਬਾਨੀ ਅਤੇ ਲਿਖਤੀ ਉਤਪਾਦਨ ਇਸ ਸਮੇਂ ਆਮ ਤੌਰ 'ਤੇ ਵਾਕਾਂ, ਪੈਰ੍ਹਿਆਂ ਅਤੇ ਮੂਲ ਕਥਨਾਂ ਅਤੇ ਪ੍ਰਸ਼ਨਾਂ ਤੱਕ ਫੈਲ ਚੁੱਕਿਆ ਹੁੰਦਾ ਹੈ। ਭੁੱਲਾਂ-ਚੁੱਕਾਂ ਅਜੇ ਵੀ ਸੰਚਾਰ ਨੂੰ ਗੁੰਝਲਦਾਰ ਬਣਾਉਂਦੀਆਂ ਹਨ।

**ਅਰਲੀ ਇੰਟਰਮੀਡੀਏਟ (ਸ਼ੁਰੂਆਤੀ ਦਰਮਿਆਨਾ)**

ਅੰਗਰੇਜ਼ੀ ਭਾਸ਼ਾ ਦੇ ਪ੍ਰਦਰਸ਼ਨ ਦੇ ਇਸ ਪੱਧਰ 'ਤੇ ਵਿਦਿਆਰਥੀ ਅੰਗਰੇਜ਼ੀ ਦੀਆਂ ਗ੍ਰਹਿਣਸ਼ੀਲ ਅਤੇ ਉਤਪਾਦਕ ਮੁਹਾਰਤਾਂ ਦਾ ਵਿਕਾਸ ਕਰਨਾ ਜਾਰੀ ਰੱਖਦੇ ਹਨ। ਉਹ ਅਣਸੋਧੀ ਪੜ੍ਹਾਈ ਦੌਰਾਨ ਵਧੇਰੇ ਠੋਸ ਵਿਸਥਾਰਾਂ ਨੂੰ ਪਛਾਣਨ ਅਤੇ ਸਮਝਣ ਦੇ ਯੋਗ ਹੁੰਦੇ ਹਨ। ਉਹ ਘੱਟ ਗਲਤੀਆਂ ਦੇ ਨਾਲ ਵਧੇਰੇ ਵੰਨ-ਸੁਵੰਨੀ ਗੱਲਬਾਤ ਅਤੇ ਸਿੱਖਣ ਦੀਆਂ ਲੋੜਾਂ ਦਾ ਵਧਦੀ ਹੋਈ ਆਸਾਨੀ ਨਾਲ ਹੁੰਗਾਰਾ ਭਰਨ ਦੇ ਯੋਗ ਹੋ ਸਕਦੇ ਹਨ। ਜ਼ਬਾਨੀ ਅਤੇ ਲਿਖਤੀ ਉਤਪਾਦਨ ਅਕਸਰ ਵਾਕ-ਅੰਸ਼ਾਂ ਅਤੇ ਯਾਦ ਕੀਤੇ ਕਥਨਾਂ ਅਤੇ ਪ੍ਰਸ਼ਨਾਂ ਤੱਕ ਸੀਮਤ ਹੁੰਦਾ ਹੈ। ਲਿਖਤੀ ਉਤਪਾਦਨ ਅੱਖਰਾਂ ਅਤੇ ਉੱਚ-ਬਾਰੰਬਾਰਤਾ, ਇੱਕ-ਸ਼ਬਦ-ਅੰਸ਼ ਵਾਲੇ ਸ਼ਬਦਾਂ ਤੱਕ ਸੀਮਤ ਹੁੰਦਾ ਹੈ। ਬਾਰ-ਬਾਰ ਹੋਣ ਵਾਲੀਆਂ ਭੁੱਲਾਂ-ਚੁੱਕਾਂ ਅਜੇ ਵੀ ਸੰਚਾਰ ਵਿੱਚ ਕਟੌਤੀ ਕਰਦੀਆਂ ਹਨ।

**ਬੀਗਿਨਿੰਗ (ਸ਼ੁਰੂਆਤ)**

ਅੰਗਰੇਜ਼ੀ ਭਾਸ਼ਾ ਦੇ ਪ੍ਰਦਰਸ਼ਨ ਦੇ ਇਸ ਪੱਧਰ 'ਤੇ ਵਿਦਿਆਰਥੀ ਅੰਗਰੇਜ਼ੀ ਵਿੱਚ ਮਾੜੀਆਂ ਮੋਟੀਆਂ ਗ੍ਰਹਿਣਸ਼ੀਲ ਅਤੇ ਉਤਪਾਦਕ ਮੁਹਾਰਤਾਂ ਦਾ ਪ੍ਰਦਰਸ਼ਨ ਕਰ ਸਕਦੇ ਹਨ ਜਾਂ ਬਿਲਕੁੱਲ ਵੀ ਨਹੀਂ ਕਰ ਸਕਦੇ। ਉਹ ਅਣਸੋਧੀ ਪੜ੍ਹਾਈ ਦੌਰਾਨ ਕੁਝ ਠੋਸ ਵਿਸਥਾਰਾਂ ਨੂੰ ਸਮਝਣਾ ਸ਼ੁਰੂ ਕਰ ਰਹੇ ਹੁੰਦੇ ਹਨ। ਹੋ ਸਕਦਾ ਹੈ ਉਹ ਕੁਝ ਸੰਚਾਰ ਅਤੇ ਸਿੱਖਣ ਦੀਆਂ ਲੋੜਾਂ ਦਾ ਹੁੰਗਾਰਾ ਭਰਨ ਦੇ ਯੋਗ ਹੋਣ ਪਰ ਇਸ ਵਿੱਚ ਕਈ ਗਲਤੀਆਂ ਹੋਣਗੀਆਂ। ਜ਼ਬਾਨੀ ਅਤੇ ਲਿਖਤੀ ਉਤਪਾਦਨ ਅਕਸਰ ਅਲੱਗ-ਥਲੱਗ ਸ਼ਬਦਾਂ ਅਤੇ ਯਾਦ ਕੀਤੇ ਕਥਨਾਂ ਅਤੇ ਪ੍ਰਸ਼ਨਾਂ ਤੱਕ ਸੀਮਤ ਹੁੰਦਾ ਹੈ। ਬਾਰ ਬਾਰ ਹੋਣ ਵਾਲੀਆਂ ਭੁੱਲਾਂ ਚੁੱਕਾਂ ਸੰਚਾਰ ਨੂੰ ਮੁਸ਼ਕਲ ਬਣਾ ਦਿੰਦੀਆਂ ਹਨ।